ਪੰਜਾਬ ਸਰਕਾਰ

ਮਾਲ ਤੇ ਪੁਨਰਵਾਸ ਵਿਭਾਗ

(ਭੌ ਮਾਲੀਆ-2 ਸ਼ਾਖਾ)

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਮੰਡਲਾਂ ਦੇ ਕਮਿਸ਼ਨਰ/

ਡਿਪਟੀ ਕਮਿਸ਼ਨਰ

ਮੀਮੋ ਨੰ: 17/20/22-ਭਮ-2 1487

ਚੰਡੀਗੜ੍ਹ, ਮਿਤੀ 09-2-23

ਵਿਸ਼ਾ: ਰਾਜ ਦੀਆਂ ਗਰਾਮ ਪੰਚਾਇਤਾਂ ਦੀਆ ਜਮੀਨਾਂ ਦੀ ਗਿਰਦਾਵਰੀ ਗਰਾਮ ਪੰਚਾਇਤਾਂ ਦੇ ਨਾਂ ਤੇ ਕਰਨ ਸਬੰਧੀ।

ਹਵਾਲਾ: ਮੀਮੋ ਨੰ: 14/1/2004-ਭਮ-2/13629-30 ਮਿਤੀ 19-9-19

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਵੱਲੋ ਪੰਜਾਬ ਵਿਧਾਨ ਸਭਾ ਸਕੱਤਰੇਤ (ਪੰਚਾਇਤੀ ਰਾਜ ਇਕਾਈਆ ਸਬੰਧੀ ਕਮੇਟੀ ਸ਼ਾਖਾ) ਦੀ ਮਿਤੀ 24-8-2021 ਨੂੰ ਹੋਈ ਮੀਟਿੰਗ ਦੀ ਕਾਰਵਾਈ ਦੀ ਟੂੱਕ ਭੇਜੀ ਹੈ, ਜਿਸ ਰਾਹੀ ਕਮੇਟੀ ਵੱਲੋ ਪੰਚਾਇਤੀ ਰਾਜ ਸੰਸਥਾਵਾਂ ਨਾਲ ਸਬੰਧਤ ਸਾਲਾਨਾ ਤਕਨੀਕੀ ਨਿਰੀਖਣ ਰਿਪੋਰਟ ਸਾਲ 2015-16 ਦੇ ਵੱਖ ਵੱਖ ਪੈਰਿਆਂ ਤੇ ਕਮੇਟੀ ਦੀ 20 ਵੀ ਰਿਪੋਰਟ ਵਿਚ ਦਰਜ ਸਿਫਾਰਸ਼ਾਂ/ਪ੍ਰੇਖਣਾ ਦੇ ਸਬੰਧ ਵਿੱਚ ਹੇਠ ਅਨੁਸਾਰ ਟਿੱਪਣੀ ਕੀਤੀ ਹੈ:-

> "ਕਮੇਟੀ ਨੇ ਵਿਭਾਗੀ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਂਦਾ ਕਿ ਇਹ ਆਮ ਦੇਖਣ ਵਿਚ ਆਇਆ ਹੈ ਕਿ ਜਿੰਨੀਆਂ ਵੀ ਪੰਚਾਇਤੀ ਜਮੀਨਾਂ ਹਨ, ਉਹ ਲੋਕਾਂ ਵੱਲੋ ਠੇਕੇ ਉੱਤੇ ਲੈ ਕੇ ਆਪਣੇ ਨਾਂ ਗਿਰਦਾਵਰੀ ਕਰਵਾ ਕੇ, ਮਾਲਕੀ ਹਾਸਲ ਕਰ ਲਈ ਜਾਂਦੀ ਹੈ ਅਤੇ ਇਹ ਸਰਾਸਰ ਵਾਇਓਲੇਸ਼ਨ ਹੈ। ਅਜਿਹੇ ਲੋਕਾਂ ਉੱਤੇ ਸ਼ਿਕੰਜਾਂ ਕੱਸਣ ਦੀ ਜਰੂਰਤ ਹੈ ਤਾਂ ਕਿ ਭਵਿੱਖ ਵਿੱਚ ਅਜਿਹਾ ਨਾ ਵਾਪਰ ਸਕੇ। ਕਮੇਟੀ ਚਾਹੁੰਦੀ ਹੈ ਕਿ ਜਿੰਨੀਆਂ ਵੀ ਪੰਚਾਇਤਾਂ ਦੀ ਦੇਖ-ਰੇਖ ਥੱਲੇ ਜਮੀਨ ਹੈ, ਚਾਹੇ ਉਹ ਕਿਸੇ ਵੀ ਫੌਰਮ ਵਿੱਚ ਹਨ, ਤਹਿਸੀਲਦਾਰ ਅਤੇ ਪਟਵਾਰੀ ਵੱਲੋਂ ਪੰਚਾਇਤੀ ਜਮੀਨ ਦੀ ਗਿਰਦਾਵਰੀ ਕਿਸੇ ਹੋਰ ਵਿਅਕਤੀ ਦੇ ਨਾਂ ਉੱਤੇ ਨਾ ਕੀਤੀ ਜਾਇਆ ਕਰੇ।"

2. ਇਸ ਸਬੰਧ ਵਿੱਚ ਆਪ ਦਾ ਧਿਆਨ ਵਿਭਾਗ ਵੱਲੋ ਜਾਰੀ ਮੀਮੋ ਨੰ: 14/1/2004-ਭਮ-2/13629-30 ਮਿਤੀ 19-9-2019 ਰਾਹੀ ਜਾਰੀ ਹਦਾਇਤਾ ਵੱਲ ਦਵਾਇਆ ਜਾਂਦਾ ਹੈ ,ਜਿਸ ਵਿੱਚ ਮਾਨਯੋਗ ਸੁਪਰੀਮ ਕੋਰਟ ਦੇ ਸਿਵਲ ਅਪੀਲ ਨੰ: 1132 ਆਫ 2011 (ਜਗਪਾਲ ਸਿੰਘ ਬਨਾਮ ਪੰਜਾਬ ਸਰਕਾਰ)(2011)11 SCC 396 ਵਿੱਚ ਮਿਤੀ 28-1-11 ਰਾਹੀ ਦਿੱਤੇ ਫੈਸਲੇ ਦੇ ਹਵਾਲੇ ਨਾਲ ਹਦਾਇਤ ਕੀਤੀ ਗਈ ਸੀ ਕਿ ਨਜ਼ਾਇਜ਼ ਕਾਬਜਕਾਰਾਂ ਤੋਂ ਪ੍ਰਵਿੰਸਲ ਗੋਰਮਿੰਟ/ਪੰਚਾਇਤੀ ਜਮੀਨ ਦੇ ਕਬਜੇ ਖਾਲੀ ਕਰਵਾਏ ਜਾਣ ਅਤੇ ਪ੍ਰੋਵਿੰਸਲ ਸਰਕਾਰ/ਪੰਚਾਇਤੀ ਜਮੀਨ ਦੀ ਗਿਰਦਾਵਰੀ ਬਤੌਰ ਮਕਬੂਜਾ ਮਾਲਕਾਨ/ਖੁਦਕਾਸ਼ਤ ਦਰਜ ਕੀਤੀ ਜਾਵੇ ਤਾਂ ਕਿ ਕੋਈ ਵੀ ਨਜ਼ਾਇਜ਼ ਕਾਬਜਕਾਰ ਸਰਕਾਰੀ/ਪੰਚਾਇਤੀ ਜਮੀਨ ਤੇ ਕਾਬਜ ਨਾ ਹੋ ਸਕੇ। ਕਿਸੇ ਵੀ ਸਰਕਾਰੀ/ਪੰਚਾਇਤੀ ਜਮੀਨ ਤੇ ਨਜ਼ਾਇਜ਼ ਕਾਬਜਕਾਰ ਦੀ ਦਰੁਸਤੀ ਗਿਰਦਾਵਰੀ ਦੀ ਦਰਖਾਸਤ ਜਾਂ ਅਪੀਲ ਦਾ ਫੈਸਲਾ ਨਾ ਕੀਤਾ ਜਾਵੇ: ਬਲਕਿ ਅਜਿਹੀ ਸਰਕਾਰੀ/ਪੰਚਾਇਤੀ ਜਮੀਨ ਦੀ ਗਿਰਦਾਵਰੀ ਮਕਬੂਜ਼ਾ ਮਾਲਕਾਨ/ਖੁਦਕਾਸ਼ਤ ਦਰਜ ਕੀਤੀ ਜਾਵੇ ।

3 ਇਨਾਂ ਹਦਾਇਤਾਂ ਦੀ ਲਗਾਤਾਰਤਾ ਵਿੱਚ ਜਿਵੇਂ ਕਿ ਵਿਧਾਨ ਸਭਾ ਦੀ ਟੂੱਕ ਤੋਂ ਸਪਸ਼ਟ ਹੈ ਕਿ ਪੰਚਾਇਤੀ ਜਮੀਨ ਠੇਕੇ ਤੇ ਵੀ ਹੋਵੇ ਤਾਂ ਵੀ ਉਸਦੀ ਗਿਰਦਾਵਰੀ ਟੇਨੇਟ ਦੇ ਨਾਂ ਤੇ ਕਰਨ ਦੀ ਬਜਾਇ ਖੁਦਕਾਸ਼ਤ ਭਾਵ ਕਿ ਪੰਚਾਇਤ ਦੇ ਨਾਂ ਹੀ ਦਰਜ ਕੀਤੀ ਜਾਵੇ ਨਾਂ ਕਿ ਕਿਸੇ ਵਿਅਕਤੀ ਵਿਸ਼ੇਸ਼ ਦੇ ਨਾਂ ਤੇ।

4. .ਇਨਾਂ ਹਦਾਇਤਾਂ ਦੀ ਰੋਸ਼ਨੀ ਵਿੱਚ ਆਪ ਦਾ ਧਿਆਨ ਪੰਜਾਬ ਵਿਧਾਨ ਸਭਾ ਦੀ ਸਥਾਨਕ ਸੰਸਥਾਵਾਂ ਅਤੇ ਪੰਚਾਇਤੀ ਰਾਜ ਇਕੀਈਆਂ ਸਬੰਧੀ ਕਮੇਟੀ ਦੀ ਮਿਤੀ 24-8-2021 ਵਿੱਚ ਕੀਤੀ ਗਈ ਟਿੱਪਣੀ ਅਤੇ ਇਨਾਂ ਹਦਾਇਤਾਂ ਦੀ ਲਗਾਤਾਰਤਾ ਵਿਚ ਮੁੜ ਹਦਾਇਤ ਕੀਤੀ ਜਾਂਦੀ ਹੈ ਕਿ ਨਜ਼ਾਇਜ਼ ਕਾਬਜਕਾਰਾਂ ਤੋਂ ਪੰਚਾਇਤੀ ਜਮੀਨ ਦੇ ਕਬਜੇ ਖਾਲੀ ਕਰਵਾਏ ਜਾਣ ਅਤੇ ਪੰਚਾਇਤੀ ਜਮੀਨ ਦੀ ਗਿਰਦਾਵਰੀ ਬਤੌਰ ਮਕਬੂਜਾ ਮਾਲਕਾਨ/ਖੁਦਕਾਸ਼ਤ ਦਰਜ ਕੀਤੀ ਜਾਵੇ ਤਾਂ ਕਿ ਕੋਈ ਵੀ ਨਜ਼ਾਇਜ਼ ਕਾਬਜਕਾਰ ਪੰਚਾਇਤੀ ਜਮੀਨ ਤੇ ਕਾਬਜ ਨਾ ਹੋ ਸਕੇ।ਕਿਸੇ ਵੀ ਪੰਚਾਇਤੀ ਜਮੀਨ ਤੇ ਨਜ਼ਾਇਜ਼ ਕਾਬਜਕਾਰ ਦੀ ਦਰੁਸਤੀ ਗਿਰਦਾਵਰੀ ਦੀ ਦਰਖਾਸਤ ਜਾਂ ਅਪੀਲ ਦਾ ਫੈਸਲਾ ਨਾ ਕੀਤਾ ਜਾਵੇ, ਬਲਕਿ ਅਜਿਹੀ ਪੰਚਾਇਤੀ ਜਮੀਨ ਦੀ ਗਿਰਦਾਵਰੀ ਮਕਬੂਜਾ ਮਾਲਕਾਨ/ਖੁਦਕਾਸ਼ਤ ਦਰਜ ਕੀਤੀ ਜਾਵੇ ।

5 ਇਨਾਂ ਹਦਾਇਤਾ ਦੀ ਇੰਨ-ਬਿੰਨ ਪਾਲਣਾ ਕਰਨਾ ਯਕੀਨੀ ਬਣਾਇਆ ਜਾਵੇ ਅਤੇ ਉਲੰਘਣਾ ਕਰਨ ਵਾਲੇ ਅਧਿਕਾਰੀਆ/ਕਰਮਚਾਰੀਆ ਦੇ ਖਿਲਾਫ ਅਨੁਸ਼ਾਸ਼ਨੀ ਕਾਰਵਾਈ ਕੀਤੀ ਜਾਵੇ।

6. ਇਹ ਹਦਾਇਤਾਂ ਆਪਣੇ ਅਧੀਨ ਆਉਂਦੇ ਸਮੂਹ ਸਬੰਧਤਾਂ ਦੇ ਧਿਆਨ ਵਿੱਚ ਲਿਆਂ ਦਿੱਤੀਆ ਜਾਣ।

ਸੰਯੁਕਤ ਸਕੱਤਰ ਮਾਲ

ਪਿ.ਅ.ਨੰ: 17/20/2022-ਭਮ-2/ 1488 ਚੰਡੀਗੜ, ਮਿਤੀ 09-2-23

ਇਕ ਉਤਾਰਾ ਪੰਜਾਬ ਵਿਧਾਨ ਸਭਾ ਸਕੱਤਰੇਤ (ਪੰਚਾਇਤੀ ਰਾਜ ਇਕਾਈਆਂ ਸਬੰਧੀ ਕਮੇਟੀ ਸ਼ਾਖਾ)ਨੰ: 24-ਸੀ.ਐਲ.ਬੀ/2019-20/16170 ਮਿਤੀ 01 ਸਤੰਬਰ, 2021 ਦੇ ਹਵਾਲੇ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਸੰਯੁਕਤ ਸਕੱਤਰ ਮਾਲ

ਪਿ.ਅ.ਨੰ; 17/20/22-ਭਮ-2 1489 ਚੰਡੀਗੜ, ਮਿਤੀ 09-2-23

ਇਕ ਉਤਾਰਾ ਡਾਇਰੈਕਟਰ, ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ , ਵਿਕਾਸ ਭਵਨ, ਸੈਕਟਰ -62 ਮੁਹਾਲੀ ਨੂੰ ਉਨਾ ਦੇ ਪੱਤਰ ਨੰ; 3866 ਮਿਤੀ 8-9-22 ਦੇ ਹਵਾਲੇ ਵਿਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਸੰਯੁਕਤ ਸਕੱਤਰ ਮਾਲ

ਪਿ.ਅ.ਨੰ; 17/20/22-ਭਮ-2 1490 ਚੰਡੀਗੜ, ਮਿਤੀ 09-2-23

ਇਕ ਉਤਾਰਾ ਪ੍ਰਾਜੈਕਟ ਮੈਨੇਜਰ/ਪੀ.ਐਲ.ਆਰ.ਐਸ ਨੂੰ ਮਾਲ ਵਿਭਾਗ ਦੀ ਵੈਬਸਾਈਟ ਤੇ ਅਪਲੋਡ ਕਰਨ ਲਈ ਸੂਚਨਾ ਅਤੇ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਸੰਯੁਕਤ ਸਕੱਤਰ ਮਾਲ